IJNRD.ORG ISSN : 2456-4184
INTERNATIONAL JOURNAL OF NOVEL RESEARCH AND DEVELOPMENT (IJNRD) | IJNRD.ORG
An International Open Access, Peer-reviewed, Refereed Journal

# ਗੁਰੂ ਨਾਨਕ ਬਾਣੀ ਵਿਚ ਪ੍ਰਤਿਪਾਦਿਤ ਨਾਰੀ ਦ੍ਰਿਸ਼ਟੀ

**ਹਰਪ੍ਰੀਤ ਕੌਰ**
**ਸੀਨੀਅਰ ਰਿਸਰਚ ਫੈਲੋ**
**ਪੰਜਾਬੀ ਯੂਨੀਵਰਸਿਟੀ**

ਮਰਦ ਅਤੇ ਔਰਤ ਦੋਵੇਂ ਇਕ ਦੂਜੇ ਦੇ ਪੂਰਕ ਹਨ, ਦੋਵਾਂ ਦੇ ਸੁਮੇਲ ਉੱਤੇ ਸਮਾਜ ਰੂਪੀ ਸੰਸਥਾ ਨਿਰਭਰ ਕਰਦੀ ਹੈ। ਇਸਤਰੀ ਪੁਰਖ ਦੇ ਸੰਬੰਧ ਤੋਂ ਹੀ ਭਾਵਾਂ ਦੀ ਉਤਪੱਤੀ ਅਤੇ ਸ੍ਰਿਸ਼ਟੀ ਦਾ ਵਿਸਥਾਰ ਹੁੰਦਾ ਹੈ। ਪੁਰਸ਼ ਨੂੰ ਸਰੀਰਕ ਸ਼ਕਤੀ, ਦ੍ਰਿੜਤਾ, ਦਲੇਰੀ, ਸਾਹਸ ਅਤੇ ਹਿੰਮਤ ਜਿਹੇ ਗੁਣਾਂ ਰਾਹੀਂ ਸ਼ਕਤੀ ਦੇ ਸੋਮੇ ਵਜੋਂ ਪ੍ਰਗਟਾਇਆ ਹੈ. ਪਰ ਇਸਤਰੀ ਨੂੰ ਨਿਮਰਤਾ, ਪਿਆਰ, ਵਫ਼ਾਦਾਰੀ, ਕੁਰਬਾਨੀ, ਕੋਮਲਤਾ ਜਿਹੇ ਜਜ਼ਬੇ ਦੀ ਜਿਉਂਦੀ ਜਾਗਦੀ ਤਸਵੀਰ ਪ੍ਰਗਟਾਇਆ ਹੈ। "ਉਹ ਭਗਤੀ ਹੈ, ਸ਼ਰਧਾ ਹੈ, ਪੂਜਣ ਯੋਗ ਹੈ। ਉਹ ਦੇਵੀ ਹੈ, ਅਪੂਰਨ ਵਿਚ ਪੂਰਨ। ਦੇਵੀ ਅਤੇ ਸ਼ਕਤੀ ਰੂਪ ਵਿਚ ਉਸਨੂੰ ਸਮਰੱਥ, ਸੰਪੂਰਨ, ਸ਼ਕਤੀਸ਼ਾਲੀ ਤੋਂ ਇਲਾਵਾ ਪ੍ਰੇਰਨਾ, ਸ੍ਰੋਤ, ਭਗਤੀ, ਸ਼ਰਧਾ ਅਤੇ ਸੇਵਾ ਦਾ ਅਮੁੱਕ ਸੋਮਾ ਮੰਨਿਆ ਗਿਆ ਹੈ। ਔਰਤ ਦੇ ਇਹ ਗੁਣ ਉਜਾਗਰ ਕਰਨ ਲਈ ਬੜੇ ਪ੍ਰਭਾਵਸ਼ਾਲੀ ਅਤੇ ਜ਼ੋਰਦਾਰ ਸ਼ਬਦ ਵਰਤੇ ਗਏ ਹਨ ਜਿਵੇਂ ਮਹਾਂਸ਼ਕਤੀ, ਮਹਾਂਮਾਯਾ ਅਤੇ ਮਹਾਮੋਹਾ। ਅਜੇਹੇ ਸ਼ਬਦ ਆਦਿ ਕਾਲ ਤੋਂ ਵਰਤੇ ਗਏ ਹਨ। ਜਿਵੇਂ ਮਹਾਂਸ਼ਕਤੀ ਰੂਪ ਵਿਚ ਉਹ ਪ੍ਰੇਰਨਾਸ੍ਰੋਤ ਹੇ ਜੋ ਮਨੁੱਖ ਨੂੰ ਮਹਾਨ ਕਵੀ, ਮਹਾਨ ਕਲਾਕਾਰ ਅਤੇ ਮਹਾਨ ਤਪਸਵੀ ਬਣਾ ਸਕਦੀ ਹੈ। ਉਹ ਪੁਰਸ਼ ਵਿਚ ਜੀਵਨ ਅਤੇ ਰਸ ਦਾ ਸੰਚਾਰ ਕਰਦੀ ਹੈ। ਉਹ ਮਹਾਮਾਯਾ ਵੀ ਹੈ। ਪੁਰਸ਼ ਦੀ ਸਾਰੀ ਸ੍ਰਿਸ਼ਟੀ ਹੀ ਉਸਦੇ ਆਕਰਸ਼ਣਬੱਧ ਹੈ। ਉਹ ਸੰਸਾਰ ਦੀਆਂ ਕੁਲ ਕ੍ਰਿਆਵਾਂ ਉਤੇ ਬਦਲਾਂ, ਦੀ ਤਰ੍ਹਾਂ ਛਾਈ ਹੋਈ ਹੈ।"[1] ਇਸਤਰੀ ਪੁਰਸ਼ ਦੇ ਸੰਬੰਧ ਤੋਂ ਹੀ ਭਾਵਾਂ ਦੀ ਉਤਪੱਤੀ ਅਤੇ ਸ੍ਰਿਸ਼ਟੀ ਦਾ ਵਿਸਥਾਰ ਹੁੰਦਾ ਹੈ। ਸਮਾਜ ਰੂਪੀ ਸੰਸਥਾ ਦਾ ਅਧਿਐਨ ਕਰਨ ਤੇ ਹੀ ਕਿਸੇ ਸਮਾਜ ਵਿਚ ਔਰਤ ਦੀ ਪ੍ਰਗਤੀ ਦੇ ਪੱਧਰ ਦਾ ਅੰਦਾਜ਼ਾ ਲੱਗ ਜਾਂਦਾ ਹੈ।

ਆਦਿ ਕਾਲ ਤੋਂ ਆਧੁਨਿਕ ਕਾਲ ਤੱਕ ਬਦਲਦੇ ਸਮੇਂ ਨਾਲ ਸਮਾਜਿਕ ਢਾਂਚੇ ਵਿਚ ਆਉਂਦੇ ਬਦਲਾਵ ਨਾਲ ਔਰਤ ਦੀ ਸਥਿਤੀ ਵਿਚ ਵੀ ਤਬਦੀਲੀ ਆਉਂਦੀ ਰਹੀ ਹੈ। ਵੱਖ-ਵੱਖ ਸਮਿਆਂ ਵਿਚ ਕਾਰਜਸ਼ੀਲ ਸੰਪਰਦਾਵਾਂ, ਸੰਸਥਾਵਾਂ, ਮਜ਼੍ਹਬਾਂ ਵਿਚ ਔਰਤ ਦਾ ਦਰਜਾ ਵੱਖ-ਵੱਖ ਨਿਰਧਾਰਿਤ ਕੀਤਾ ਗਿਆ।

ਸਿੱਖ ਧਰਮ ਦੀ ਧਰਮ ਪੁਸਤਕ ਆਦਿ ਗ੍ਰੰਥ ਵਿਚਲੀ ਗੁਰਬਾਣੀ ਦੇ ਅਨੁਸਾਰ ਇਸਤਰੀ ਜੀਵਾਤਮਾ ਦਾ ਪ੍ਰਤੀਕ ਅਤੇ ਪੁਰਸ਼ ਪ੍ਰਭੂ ਅਰਥਾਤ ਅਕਾਲਪੁਰਖ ਦਾ ਰੂਪ ਹੈ। ਗੁਰਬਾਣੀ ਰਚਨਾਕਾਰ ਨੇ ਅਕਾਲ ਪੁਰਖ ਪਰਮਾਤਮਾ ਨੂੰ ਸੁਆਮੀ ਪਤੀ ਕਿਹਾ ਹੈ ਅਤੇ ਆਪਣੇ ਆਪ ਨੂੰ ਇਸਤਰੀ ਰੂਪ ਵਿਚ ਪ੍ਰਗਟਾਇਆ ਹੈ। ਇਹ ਜੀਵਾਤਮਾ ਇਸਤਰੀ ਹੈ ਜਿਸਨੇ ਪ੍ਰਭ ਰੂਪੀ ਪੁਰਸ਼ ਨੂੰ ਪ੍ਰਾਪਤ ਕਰਨਾ ਹੈ।

ਰਿਗਵੈਦਿਕ ਕਾਲ ਵਿਚ ਉੱਚਤਮ ਸਥਾਨ ਰੱਖਣ ਵਾਲੀ ਇਸਤਰੀ ਜੋ ਹਰ ਧਰਮ-ਕਰਮ ਵਿਚ ਹਿੱਸਾ ਲੈਂਦੀ ਸੀ। ਉਹੀ ਇਸਤਰੀ ਨਾਥ-ਜੋਗੀਆਂ ਦੇ ਸਮੇਂ ਤੱਕ ਆਪਣਾ ਸਮਾਜਿਕ ਉੱਚਤਮ ਰੁਤਬਾ ਗੁਆ ਬੈਠਦੀ ਹੈ। ਗੋਰਖ ਨਾਥ ਨੇ ਤਾਂ ਇਸਤਰੀ ਨੂੰ ਸਭ ਬੁਰਾਈਆਂ ਦੀ ਜਨਨੀ ਕਹਿ ਕੇ ਭੰਡਿਆ ਹੈ। ਉਸਦੇ ਅਨੁਸਾਰ ਇਸਤਰੀ ਅਜਿਹੀ ਬਘਿਆੜਨ ਹੈ ਜਿਸ ਕਰਕੇ ਮਰਦ ਦਾ ਚਿਤ ਡੋਲ ਜਾਂਦਾ ਹੈ। ਇਸਦੇ ਨਾਲ ਹੀ ਮੱਧਕਾਲ ਵਿਚ ਇਸਤਰੀ ਦੇ ਸਾਹਵੇਂ ਕਈ ਸਮਾਜਿਕ ਬੁਰਾਈਆਂ ਬਾਲ ਵਿਆਹ, ਸਤੀ ਪ੍ਰਥਾ, ਪਰਦਾ ਪ੍ਰਥਾ ਵਰਗੀਆਂ ਬੁਰਾਈਆਂ ਇਕ ਵੰਗਾਰ ਬਣਕੇ ਪੇਸ਼ ਆਉਂਦੀਆਂ ਹਨ।

ਗੁਰੂ ਨਾਨਕ ਦੇਵ ਦੇ ਸਮੇਂ ਤੱਕ ਔਰਤ ਦੀ ਜੋ ਤਰਸਯੋਗ ਹਾਲਤ ਸੀ ਉਸਦਾ ਵਰਣਨ ਬਾਬਰਬਾਣੀ ਵਿਚ ਕੀਤਾ ਹੈ। ਗੁਰੂ ਨਾਨਕ ਨੇ ਇਸਤਰੀ ਦੀ ਸਮਾਜਿਕ ਹਾਲਤ ਵਿਚ ਕੁੱਝ ਸੁਧਾਰ ਕਰਦਿਆਂ ਉਸਨੂੰ ਨਿੰਦਣ ਦੀ ਥਾਂ ਸਤਿਕਾਰਿਆਂ ਹੈ। ਜਿਵੇਂ ਆਸਾ ਦੀ ਵਾਰ ਵਿਚ

> ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
> ਭੰਡਹੁ ਹੋਵੈ ਦੋਸਤੀ, ਭੰਡਹੁ ਚਲੈ ਰਾਹੁ ॥
> ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
> ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨੁ ॥[2]

ਪ੍ਰਾਚੀਨ ਭਾਰਤੀ ਮਿਥਿਹਾਸਕ ਪਰੰਪਰਾਵਾਂ ਅਨੁਸਾਰ ਮੰਨਿਆ ਜਾਂਦਾ ਹੈ ਕਿ ਵੱਡੇ-ਵੱਡੇ ਹਠੀ ਤਪੀ ਤੇ ਜੋਗੀ ਵੀ ਇਸਤਰੀ ਦੀ ਸੁੰਦਰਤਾ ਨੂੰ ਵੇਖ ਕੇ ਆਪਣੇ ਰਸਤੇ ਤੋਂ ਤਿਲਕ ਜਾਂਦੇ ਸਨ ਤੇ ਉਨ੍ਹਾਂ ਦਾ ਹੱਠ ਭੰਗ ਹੋ ਜਾਂਦਾ ਸੀ ਤੇ ਮਾਇਆ ਵੀ ਐਸੀ ਚੀਜ਼ ਹੈ ਜਿਸਦੇ ਚੁੰਗਲ ਵਿਚ ਫਸਕੇ ਪੁਰਖ ਨਿਕਲ ਨਹੀਂ ਸਕਦਾ ਅਤੇ ਉਹ ਆਪਣੇ ਰਾਹ ਤੋਂ ਨਿਖੜ ਜਾਂਦਾ ਸੀ। ਗੁਰੂ ਨਾਨਕ ਨੇ ਇਸਤਰੀ ਨੂੰ ਮਾਇਆ ਦੇ ਰੂਪ ਵਿਚ ਵੀ ਚਿਤਰਿਆ ਹੈ।

> ਮਾਇਆ ਮੋਹਿ ਧਰਕਟੀ ਨਾਰਿ
> ਭੂੰਡੀ ਕਾਮਣਿ ਕਾਮਣਿਆਰੁ। [3]

---

[1] ਤ੍ਰਿਪਤ ਕੌਰ, ਆਦਿ ਗ੍ਰੰਥ ਵਿਚ ਇਸਤਰੀ ਦਾ ਸੰਕਲਪ, ਪੰਨਾ - 2.

[2] ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰ ਆਸਾ ਮਹਲਾ ੧, ਪੰਨਾ 473

[3] ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਬਿਲਾਵਲ ਮ.੧, ਪੰਨਾ 796.

ਗੁਰੂ ਨਾਨਕ ਦੁਆਰਾ ਇਸਤਰੀ ਨੂੰ ਮਾਇਆ ਰੂਪ ਵਿਚ ਚਿਤਰਨ ਦਾ ਭਾਵ ਇਹ ਵੀ ਹੈ ਕਿ ਮਾਇਆ ਨੂੰ ਸ੍ਰਿਸ਼ਟੀ ਦੀ ਸਿਰਜਣਹਾਰ ਮੰਨਿਆ ਜਾਂਦਾ ਰਿਹਾ ਹੈ। "ਕੋਈ ਸਮਾਂ ਸੀ ਕਿ ਪੁਰਾਣੇ ਸ਼ਾਸਤ੍ਰਕਾਰ ਸ੍ਰਿਸ਼ਟੀ ਦੀ ਸਾਜਣਹਾਰ ਨੂੰ 'ਮਾਇਆ' ਦੱਸਦੇ ਸਨ। ਸ਼ਾਇਦ ਇਹ ਸੰਕੇਤ ਇਸਤਰੀ ਵਲ ਹੀ ਹੁੰਦਾ ਹੋਵੇ ਕਿਉਂਕਿ ਇਹੋ ਹੈ ਜੋ ਸਭ ਦੀ ਸਿਰਜਣਹਾਰ, ਪਾਲਣਹਾਰ, ਸੰਭਾਲਣਹਾਰ ਤੇ ਸੰਵਾਰਣਹਾਰ ਆਦਿ ਤੋਂ ਹੀ ਰਹੀ ਹੈ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਪਰਮੇਸਰ ਆਪ ਦੁਨੀਆ ਸਾਜ ਕੇ ਤੇ ਸਾਰੀ ਜ਼ਿੰਮੇਵਾਰੀ ਇਸ ਨੂੰ ਸੌਂਪਕੇ ਆਪ ਕਿਧਰੇ ਅਲੋਪ ਹੋ ਗਿਆ।"[4] ਇਸਦੇ ਨਾਲ ਹੀ ਗੁਰੂ ਨਾਨਕ ਨੇ ਪ੍ਰਭੂ ਤੋਂ ਬਿਨਾਂ ਸਾਰੇ ਜੀਵ ਜੰਤਾਂ ਨੂੰ ਇਸਤਰੀ ਰੂਪ ਵਿਚ ਹੀ ਚਿਤਰਿਆ ਹੈ। ਗੁਰੂ ਨਾਨਕ ਸਿਰਫ਼ ਇਕ ਪ੍ਰਭੂ ਨੂੰ ਹੀ ਪੁਰਖ ਰੂਪ ਮੰਨਦੇ ਹਨ ਤੇ ਬਾਕੀ ਦੇ ਸਾਰੇ ਜੀਵ ਜੰਤ ਉਸਦੀਆਂ ਸਹੇਲੀਆਂ ਜਾਂ ਪਤਨੀਆਂ ਹਨ ਜੋ ਉਸਦੇ ਮੇਲ ਲਈ ਤੜਪ ਰਹੀਆਂ ਹਨ।

ਕੇਤੀ ਨਾਰਿ ਵਰੁ ਏਕ ਸਮਾਲਿ ।
ਠਾਕੁਰੁ ਏਕ ਸਬਾਈ ਨਾਰਿ। [5]

ਗੁਰੂ ਨਾਨਕ ਦੇਵ ਨੇ ਕਿਸੇ ਜਗ੍ਹਾਂ ਵੀ ਇਸਤਰੀ ਦੀ ਸ਼੍ਰੇਣੀ ਵੰਡ ਨਹੀਂ ਕੀਤੀ ਅਤੇ ਨ ਹੀ ਇਸਨੂੰ ਪੁਰਸ਼ ਤੋਂ ਨਿਖੇੜਿਆਂ ਹੈ। ਉਨ੍ਹਾਂ ਲਈ ਇਸਤਰੀ ਇਕ ਜੀਵਾਤਮਾ ਹੈ ਜੋ ਪ੍ਰਭੂ ਦੀ ਨਾਰੀ ਹੈ। ਉਨ੍ਹਾਂ ਨੇ ਇਸਤਰੀ ਨੂੰ ਬੇਟੀ, ਸਖੀ, ਮਾਂ, ਲਾਲੀ (ਗੁਲਾਮ), ਪਤਨੀ, ਵਿਧਵਾ, ਗੰਵਾਰਨ (ਗਿਆਨਹੀਨ), ਵਿਭਚਾਰੀ ਹਰ ਰੂਪ ਵਿਚ ਚਿਤਰਿਆ ਹੈ। ਵਿਭਚਾਰੀ ਅਤੇ ਵੇਸਵਾ ਦੇ ਰੂਪ ਵਿਚ ਚਿਤਰਦਿਆਂ ਅਜਿਹੀਆਂ ਇਸਤਰੀਆਂ ਦੇ ਹਰ ਕਾਰਜ ਨੂੰ ਵਿਅਰਥ ਦੱਸਿਆ ਹੈ। "ਆਦਿ ਗ੍ਰੰਥ ਵਿਚ ਚੰਗੀਆਂ ਇਸਤਰੀਆਂ ਦੀ ਪ੍ਰਸ਼ੰਸਾ ਕੀਤੀ ਗਈ ਹੈ। ਉਨ੍ਹਾਂ ਨੂੰ ਸੁਹਾਗਣ, ਸੁਚੱਜੀ, ਗੁਣਵੰਤੀ, ਗੁਰਮੁਖ, ਸਿਆਣੀ, ਸ਼ੀਲਵੰਤੀ, ਆਚਾਰਵੰਤੀ, ਜਨਨੀ, ਜੇਹੇ ਵਿਸ਼ੇਸ਼ਣਾਂ ਨਾਲ ਸੰਬੋਧਿਤ ਕੀਤਾ ਗਿਆ ਹੈ ਜਦੋਂ ਕਿ ਭੈੜੀਆਂ ਇਸਤਰੀਆਂ ਨੂੰ ਦੁਹਾਗਣ, ਛੁੱਟੜ, ਕੁਚੱਜੀ, ਮਨਮੁਖ, ਔਗੁਣਹਾਰੀ, ਬਿਰਹਨ, ਵਿਧਵਾ ਆਦਿ ਸ਼ਬਦਾਂ ਦੁਆਰਾ ਨਿੰਦਿਆ ਗਿਆ ਹੈ। ਆਦਿ ਗ੍ਰੰਥ ਵਿਚ ਕਿਧਰੇ ਤਾਂ ਉਸਨੂੰ ਵਿਅਕਤੀਗਤ ਰੂਪ ਵਿਚ ਸਮਾਜਿਕ ਜੀਵਨ ਵਿਚ ਵਿਚਰਦੀ, ਕੰਮ-ਕਾਰ ਕਰਦੀ ਦਰਸਾਇਆ ਗਿਆ ਹੈ ਪਰ ਕਿਧਰੇ ਉਸਨੂੰ ਭਿੰਨ-ਭਿੰਨ ਪ੍ਰਤੀਕਾਂ ਰਾਹੀਂ ਪੇਸ਼ ਕੀਤਾ ਹੈ ਜਿਵੇਂ ਚੰਗੀਆਂ ਇਸਤਰੀਆਂ ਨੂੰ ਪੁੱਤਰਵੰਤੀ, ਮੁੰਧ, ਇਆਣੀ, ਬਾਲੀ, ਗੁਰਮੁਖ, ਸੰਜਮੀ, ਸਤੀ, ਦਾਸੀ, ਚੇਰੀ ਆਦਿ ਅਤੇ ਭੈੜੀਆਂ ਇਸਤਰੀਆਂ ਲਈ ਮਾਇਆ, ਮੋਹਨੀ, ਕਾਮਣਿ, ਕੁਰੂਪ, ਕੁਦਇਆ, ਵਿਭਚਾਰਣ, ਸੂਹਵੀ ਆਦਿ ਪ੍ਰਤੀਕ ਵਰਤੇ ਹਨ।"[6] ਗੁਰੂ ਨਾਨਕ ਅਨੁਸਾਰ ਇਸਤਰੀ ਦੇ ਸਿੰਗਾਰ ਦਾ ਤਾਂ ਹੀ ਲਾਭ ਹੈ ਜੇ ਇਹ ਪ੍ਰੀਤਮ ਨੂੰ ਭਾਵੇਂ ਜੇ ਪ੍ਰੀਤਮ ਦੇ ਘਰ ਉਸ ਸ਼ਿੰਗਾਰ ਦੀ ਸਲਾਹੁਣਾ ਨਹੀਂ ਹੁੰਦੀ ਤਾਂ ਉਹ ਫਜ਼ੂਲ ਹੈ। ਉਹ ਵੇਸਵਾ ਦੇ ਪੁੱਤਰ ਵਾਂਗ ਹੈ। ਜਿਸਦਾ ਕੋਈ ਬਾਪ ਨਹੀਂ ਹੁੰਦਾ।

ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ।
ਪਰ ਪਿਰ ਰਾਤੀ ਖਸਮੁ ਵਿਸਾਰਾ।
ਜਿਉਂ ਬੇਸੁਆ ਪੂਤ ਬਾਪ ਕੋ ਕਹੀਐ।
ਤਿਉ ਫੋਕਟ ਦਾਰ ਵਿਕਾਰਹੇ[7]

ਇਸ ਲਈ ਇਸਤਰੀ ਦਾ ਚੰਗੇ ਗੁਣਾਂ ਦਾ ਧਾਰਨੀ ਬਣਨਾ ਜ਼ਰੂਰੀ ਹੈ। ਪ੍ਰਭੂ ਪਤੀ ਆਪ ਸਾਰਿਆਂ ਗੁਣਾਂ ਦਾ ਧਾਰਨੀ ਹੈ ਇਸ ਲਈ ਕੇਵਲ ਗੁਣਵਾਨ ਇਸਤਰੀ ਹੀ ਪ੍ਰਭੂ ਪਤੀ ਨੂੰ ਭਾਉਂਦੀ ਹੈ ਤੇ ਗੁਰੂ ਦੀ ਕਿਰਪਾ ਨਾਲ ਅੰਤ ਉਸਦਾ ਹੀ ਅੰਗ ਬਣ ਜਾਂਦੀ ਹੈ। ਅਸਲ ਵਿਚ ਅਜਿਹੀ ਇਸਤਰੀ ਹੀ ਸੁਹਾਗਣ ਅਖਵਾਉਂਦੀ ਹੈ। ਜਿਹੜੀ ਉੱਚੇ ਭਾਗਾਂ ਵਾਲੀ ਅਤੇ ਦਿਨ ਰਾਤ ਪ੍ਰੀਤਮ ਦਾ ਹੀ ਗੁਣਗਾਨ ਕਰਦੀ ਹੈ। ਉਸਦਾ ਸੁਹਾਗ ਸਦਾ ਸਥਿਰ ਰਹਿੰਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਸੁਧਾਰਵਾਦੀ ਸੀ। ਉਹਨਾਂ ਨੇ ਸਮਾਜ ਵਿਚ ਕੀਤੇ ਜਾਂਦੇ ਇਸਤਰੀ ਪ੍ਰਤੀ ਘ੍ਰਿਣਾ ਅਤੇ ਅਣਮਨੁੱਖੀ ਵਤੀਰੇ ਦਾ ਜ਼ੋਰਦਾਰ ਵਿਰੋਧ ਕੀਤਾ। ਉਹਨਾਂ ਨੇ ਇਸਤਰੀ ਨੂੰ ਸਮਾਜ ਦਾ ਮਹੱਤਵਪੂਰਨ ਅੰਗ ਸਵੀਕਾਰ ਕਰਦਿਆਂ ਇਸਤਰੀ ਜਗਤ ਜਨਨੀ ਦੇ ਰੂਪ ਵਿਚ ਸਤਿਕਾਰ ਦੀ ਪਾਤਰ ਬਣਾਇਆ। ਜੇਕਰ ਗੁਰਮਤਿ ਦੀ ਸਮਾਜਿਕ ਦ੍ਰਿਸ਼ਟੀ ਅਨੁਸਾਰ ਸਮਾਜ ਸਿਰਜਣਾ ਹੈ ਤਾਂ ਫਿਰ ਜੋ ਗੁਣ ਔਰਤ ਦੇ ਗੁਰਮਤਿ 'ਚ ਦੱਸੇ ਗਏ ਹਨ ਉਹਨਾਂ ਗੁਣਾਂ ਨੂੰ ਹੀ ਮਰਦ ਵੀ ਧਾਰਨ ਕਰੇ ਤਾਂ ਹੀ ਸੰਤੁਲਿਤ ਸਮਾਜ ਸਿਰਜਿਆ ਜਾ ਸਕਦਾ ਹੈ।

ਹਵਾਲੇ ਅਤੇ ਟਿੱਪਣੀਆਂ


1. ਤ੍ਰਿਪਤ ਕੌਰ, ਆਦਿ ਗ੍ਰੰਥ ਵਿਚ ਇਸਤਰੀ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2004, ਪੰਨਾ - 2.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰ ਆਸਾ ਮਹਲਾ ੧, ਪੰਨਾ-473.
3. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਬਿਲਾਵਲ ਮ.੧, ਪੰਨਾ-796.
4. ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਘਰ (ਸਿੱਖੀ ਸਿਧਾਂਤ ਬਾਰੇ ਵਿਚਾਰ ਚਰਚਾ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997, ਪੰਨਾ – 299-300.
5. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਰਾਗ ਉਅੰਕਾਰ ਮ.੧, ਪੰਨਾ-932.
6. ਤ੍ਰਿਪਤ ਕੌਰ, ਆਦਿ ਗ੍ਰੰਥ ਵਿਚ ਇਸਤਰੀ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2004, ਪੰਨਾ – 131-32.
7. ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਰਾਗ ਸੋਹਲੇ ਮ.੧, ਪੰਨਾ-1028.


[4] ਪ੍ਰੋ. ਪਿਆਰਾ ਸਿੰਘ ਪਦਮ, ਗੁਰੂ ਘਰ (ਸਿੱਖੀ ਸਿਧਾਂਤ ਬਾਰੇ ਵਿਚਾਰ ਚਰਚਾ), ਪੰਨਾ – 299-300.

[5] ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਰਾਗ ਉਅੰਕਾਰ ਮ.੧, ਪੰਨਾ-932.

[6] ਤ੍ਰਿਪਤ ਕੌਰ, ਆਦਿ ਗ੍ਰੰਥ ਵਿਚ ਇਸਤਰੀ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2004, ਪੰਨਾ – 131-32.

[7] ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਰਾਗ ਸੋਹਲੇ ਮ.੧, ਪੰਨਾ-1028.